ਪ੍ਰਸ਼ਾਸਨ/ਪਾਲਿਸੀ ਸ਼ਾਖਾ ਗਮਾਡਾ ਐਸ.ਏ.ਐਸ.ਨਗਰ
ਡਾਇਰੀ ਨੰ: 1609
ਮਿਤੀ: 24/6/16

# ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ
ਪੁੱਡਾ ਭਵਨ, ਸੈਕਟਰ-62, ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਸੇਵਾ ਵਿਖੇ

1. ਮੁੱਖ ਸਕੱਤਰ, ਪੰਜਾਬ ਸਰਕਾਰ;
2. ਸਮੂਹ ਵਧੀਕ ਮੁੱਖ ਸਕੱਤਰ/ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ;
3. ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ;
4. ਪੰਜਾਬ ਰਾਜ ਦੇ ਸਮੂਹ ਡਵੀਜ਼ਨਾਂ ਦੇ ਕਮਿਸ਼ਨਰ;
5. ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ ਅਤੇ ਸਮੂਹ ਜਿਲ੍ਹਾ ਸੈਸ਼ਨ ਜੱਜ;
6. ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ ਅਤੇ ਸਮੂਹ ਸਬ ਡਵੀਜਨਲ ਮੈਜਿਸਟਰੇਟ;
7. ਚੇਅਰਮੈਨ/ ਮੈਨੇਜਿੰਗ ਡਾਇਰੈਕਟਰਜ, ਬੋਰਡਾਂ/ ਕਾਰਪੋਰੇਸ਼ਨਾਂ।

ਨੰ: ਪੁੱਡਾ-ਪਾਲਿਸੀ/2016/
ਮਿਤੀ:

ਵਿਸ਼ਾ: **ਪੰਜਾਬ ਸਰਕਾਰ, ਪੰਜਾਬ ਸਰਕਾਰ ਦੇ ਬੋਰਡ, ਕਾਰਪੋਰੇਸ਼ਨਾਂ, ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਅਤੇ ਪੁੱਡਾ/ ਅਥਾਰਿਟੀਆਂ ਦੇ ਕਰਮਚਾਰੀਆਂ ਨੂੰ ਮਲਟੀਸਟੋਰੀ ਫਲੈਟਾਂ ਦੀ ਅਲਾਟਮੈਂਟ ਕਰਨ ਦੀ ਪਾਲਿਸੀ ਜਾਰੀ ਕਰਨ ਬਾਰੇ।**

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਸੂਚਿਤ ਕੀਤਾ ਜਾਂਦਾ ਹੈ ਕਿ ਪੁੱਡਾ ਦੀ ਅਥਾਰਿਟੀ ਦੀ 53ਵੀਂ ਮੀਟਿੰਗ ਦੀ ਮੱਦ ਨੰ: 53.20 ਰਾਹੀਂ ਪੰਜਾਬ ਸਰਕਾਰ, ਪੰਜਾਬ ਸਰਕਾਰ ਦੇ ਬੋਰਡ, ਕਾਰਪੋਰੇਸ਼ਨਾਂ, ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਅਤੇ ਪੁੱਡਾ/ ਵੱਖ-ਵੱਖ ਵਿਕਾਸ ਅਥਾਰਿਟੀਆਂ ਦੇ ਕਰਮਚਾਰੀਆਂ ਨੂੰ ਮਲਟੀਸਟੋਰੀ ਫਲੈਟਾਂ ਦੀ ਅਲਾਟਮੈਂਟ ਕਰਨ ਲਈ ਸਕੀਮ ਤਿਆਰ ਕਰਨ ਦਾ ਸਿਧਾਂਤਕ ਤੌਰ ਤੇ ਫੈਸਲਾ ਲਿਆ ਗਿਆ ਹੈ। ਇਸ ਫੈਸਲੇ ਅਨੁਸਾਰ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਅਧੀਨ ਆਉਂਦੀਆਂ ਵੱਖ-ਵੱਖ ਅਥਾਰਿਟੀਆਂ ਵਲੋਂ ਉਹਨਾਂ ਅਧੀਨ ਆਉਂਦੇ ਏਰੀਏ ਵਿਚ ਜ਼ਮੀਨ ਦੀ ਉਪਲੱਬਧਤਾ ਨੂੰ ਧਿਆਨ ਵਿਚ ਰੱਖਦੇ ਹੋਏ ਫਲੈਟਾਂ ਦੀਆਂ ਮੰਜ਼ਿਲਾਂ/ ਕੀਮਤ, ਮਾਸਟਰ ਪਲੈਨ ਅਤੇ ਪੁੱਡਾ ਬਿਲਡਿੰਗ ਰੂਲਜ਼ ਅਤੇ ਲੋਕਲ ਕੰਡੀਸ਼ਨਾਂ ਆਦਿ ਨੂੰ ਧਿਆਨ ਵਿਚ ਰੱਖਦੇ ਹੋਏ ਫਾਈਨਲ ਸਕੀਮ ਤਿਆਰ ਕੀਤੀ ਜਾਵੇਗੀ, ਜਿਸ ਅਨੁਸਾਰ ਸਬੰਧਤ ਅਥਾਰਿਟੀ ਵਲੋਂ ਦਰਖਾਸਤਾਂ ਮੰਗ ਕੇ ਅਲਾਟਮੈਂਟ ਸਬੰਧੀ ਕਾਰਵਾਈ ਕੀਤੀ ਜਾਵੇਗੀ।

ਉਪਰੋਕਤ ਫੈਸਲੇ ਅਨੁਸਾਰ ਤਿਆਰ ਕੀਤੀ ਗਈ ਪਾਲਿਸੀ ਦੀ ਕਾਪੀ ਸਮੂਹ ਅਧਿਕਾਰੀਆਂ/ ਕਰਮਚਾਰੀਆਂ ਦੀ ਜਾਣਕਾਰੀ ਹਿੱਤ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ। ਇਹ ਸਕੀਮ ਪੁੱਡਾ ਦੀ ਵੈਬਸਾਈਟ (www.puda.gov.in) ਤੇ ਵੀ upload ਕੀਤੀ ਜਾ ਰਹੀ ਹੈ।

ਨੱਥੀ/ਉਕਤ ਅਨੁਸਾਰ

ਅਮਲਾ ਅਫ਼ਸਰ (ਪਾਲਿਸੀ)
ਵਾ:ਮੁੱਖ ਪ੍ਰਸ਼ਾਸ਼ਕ

ਪਿੱਠ ਅੰਕਣ ਨੰ: ਪੁਡਾ/ਪਾਲਿਸੀ/2016/ 13615-621
ਮਿਤੀ: 17/6/16

ਉਪਰੋਕਤ ਦਾ ਉਤਾਰਾ ਮੁੱਖ ਪ੍ਰਸਾਸ਼ਕ, ਗਮਾਡਾ ਐਸ.ਏ.ਐਸ.ਨਗਰ, ਪੀ.ਡੀ.ਏ. ਪਟਿਆਲਾ, ਬੀ.ਡੀ.ਏ. ਬਠਿੰਡਾ, ਗਲਾਡਾ ਲੁਧਿਆਣਾ, ਜੇ.ਡੀ.ਏ. ਜਲੰਧਰ, ਏ.ਡੀ.ਏ. ਅੰਮ੍ਰਿਤਸਰ ਨੂੰ ਸਮੇਤ ਪਾਲਿਸੀ ਦੀ ਕਾਪੀ ਅਗਲੇਰੀ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ ਜੀ।

14/6/16
ਅਮਲਾ ਅਫਸਰ (ਪਾਲਿਸੀ)
ਵਾ:ਮੁੱਖ ਪ੍ਰਸਾਸ਼ਕ

ਪਿੱਠ ਅੰਕਣ ਨੰ: ਪੁਡਾ/ਪਾਲਿਸੀ/2016/
ਮਿਤੀ:

ਉਪਰੋਕਤ ਦਾ ਉਤਾਰਾ ਜੀ.ਐਮ (ਆਈ.ਟੀ. ਐਂਡ ਜੀ) ਨੂੰ ਪਾਲਿਸੀ ਦੀ ਕਾਪੀ ( Hard and Soft) ਵੈਬਸਾਈਟ ਤੇ ਅਪਲੋਡ ਕਰਨ ਲਈ ਭੇਜੀ ਜਾਂਦੀ ਹੈ।

ਅਮਲਾ ਅਫਸਰ (ਪਾਲਿਸੀ)
ਵਾ:ਮੁੱਖ-ਪ੍ਰਸਾਸ਼ਕ

ਪਿੱਠ ਅੰਕਣ ਨੰ: ਪੁਡਾ/ਪਾਲਿਸੀ/2016/
ਮਿਤੀ:

ਉਪਰੋਕਤ ਦਾ ਉਤਾਰਾ ਪੁੱਡਾ ਦੇ ਸਮੂਹ ਬਰਾਂਚਾਂ ਦੇ ਮੁੱਖੀਆਂ ਨੂੰ ਪਾਲਿਸੀ ਦੀ ਕਾਪੀ ਉਹਨਾਂ ਅਧੀਨ ਕੰਮ ਕਰ ਰਹੇ ਅਧਿਕਾਰੀਆਂ/ ਕਰਮਚਾਰੀਆਂ ਦੀ ਜਾਣਕਾਰੀ ਹਿੱਤ ਭੇਜੀ ਜਾਂਦੀ ਹੈ।

ਅਮਲਾ ਅਫਸਰ (ਪਾਲਿਸੀ)
ਵਾ:ਮੁੱਖ ਪ੍ਰਸਾਸ਼ਕ

ਪਿੱਠ ਅੰਕਣ ਨੰ: ਪੁੱਡਾ/ਪਾਲਿਸੀ/2016/
ਮਿਤੀ:

ਉਪਰੋਕਤ ਦਾ ਉਤਾਰਾ ਪ੍ਰਧਾਨ, ਪੁੱਡਾ ਮੁਲਾਜ਼ਮ ਤਾਲਮੇਲ ਸੰਘਰਸ਼ ਕਮੇਟੀ, ਪੁੱਡਾ ਭਵਨ, ਸੈਕਟਰ-62, ਐਸ.ਏ.ਐਸ.ਨਗਰ ਨੂੰ ਪਾਲਿਸੀ ਦੀ ਕਾਪੀ ਜਾਣਕਾਰੀ ਹਿੱਤ ਭੇਜੀ ਜਾਂਦੀ ਹੈ।

ਵਿਸ਼ਾ:- ਪੰਜਾਬ ਸਰਕਾਰ, ਪੰਜਾਬ ਸਰਕਾਰ ਦੇ ਬੋਰਡ, ਕਾਰਪੋਰੇਸ਼ਨਾਂ, ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਅਤੇ ਪੁੱਡਾ/ਅਥਾਰਟੀਆਂ ਦੇ ਕਰਮਚਾਰੀਆਂ ਨੂੰ ਮਲਟੀਸਟੋਰੀ ਫਲੈਟਾਂ ਦੀ ਅਲਾਟਮੈਂਟ ਕਰਨ ਲਈ ਪਾਲਿਸੀ ਬਨਾਉਣ ਬਾਰੇ।

ਪੰਜਾਬ ਸਰਕਾਰ, ਪੰਜਾਬ ਸਰਕਾਰ ਦੇ ਬੋਰਡ, ਕਾਰਪੋਰੇਸ਼ਨਾਂ, ਪੰਜਾਬ ਸਰਕਾਰ ਦੇ ਦਫਤਰਾਂ ਵਿਖੇ ਡੈਪੂਟੇਸ਼ਨ ਤੇ ਆਏ ਕਰਮਚਾਰੀਆਂ (ਭਾਰਤ ਸਰਕਾਰ ਜਾਂ ਦੂਜੇ ਪ੍ਰਾਂਤਾ ਤੋਂ ਡੈਪੂਟੇਸ਼ਨ ਤੇ ਆਏ ਕਰਮਚਾਰੀਆਂ ਨੂੰ ਛੱਡ ਕੇ), ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਅਤੇ ਪੁੱਡਾ/ਅਥਾਰਟੀਆਂ ਦੇ ਕਰਮਚਾਰੀਆਂ ਨੂੰ ਮਲਟੀਸ਼ਟੋਰੀ ਫਲੈਟਾਂ ਦੀ ਅਲਾਟਮੈਂਟ ਕਰਨ ਲਈ ਪਾਲਿਸੀ ਤਿਆਰ ਕਰਨ ਦਾ ਫੈਸਲਾ ਪੁੱਡਾ ਅਥਾਰਿਟੀ ਦੀ 53ਵੀਂ ਮੀਟਿੰਗ ਜੋ ਕਿ ਮਿਤੀ 9.12.15 ਨੂੰ ਹੋਈ ਵਿੱਚ ਮੱਦ ਨੰ. 53.10 ਰਾਹੀਂ ਲਿਆ ਗਿਆ।

ਅਥਾਰਿਟੀ ਵਲੋਂ ਲਏ ਗਏ ਫੈਸਲਿਆਂ ਦੇ ਸਨਮੁੱਖ ਮਾਮਲਾ ਗਠਿੱਤ ਕੀਤੀ ਕਮੇਟੀ ਵਲੋ ਵਿਚਾਰਿਆ ਗਿਆ ਅਤੇ ਪਾਲਿਸੀ ਹੇਠ ਲਿਖੇ ਅਨੁਸਾਰ ਹੋਵੇਗੀ:-

1. ਪਾਲਿਸੀ –

(ੳ) ਕਰਮਚਾਰੀਆਂ ਨੂੰ ਮਲਟੀਸਟੋਰੀ ਫਲੈਟ ਅਲਾਟ ਕੀਤੇ ਜਾਣਗੇ। ਇਹ ਫਲੈਟ ਕਿਨ੍ਹੇ ਮੰਜਲੇ ਬਣਾਉਣੇ ਹਨ, ਇਸ ਸਬੰਧੀ ਫੈਸਲਾ ਮਾਸਟਰ ਪਲੈਨ, ਪੁੱਡਾ ਬਿਲਡਿੰਗ ਰੂਲਜ ਅਤੇ ਲੋਕਲ ਕੰਡੀਸ਼ਨਜ ਅਤੇ ਜਮੀਨ ਦੀ ਉਪਲਬਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਸਬੰਧਤ ਅਥਾਰਿਟੀ ਵਲੋ ਲਿਆ ਜਾਵੇਗਾਂ।

(ਅ) ਫਲੈਟਾਂ ਦੇ ਸਾਈਜ/ਕੈਟਾਗਰੀ ਅਧਿਕਾਰੀਆਂ/ਕਰਮਚਾਰੀਆਂ ਦੇ ਸਰਕਾਰ ਵਲੋ ਨਿਰਧਾਰਤ ਗਰੁੱਪ ਏ, ਬੀ, ਸੀ ਅਤੇ ਡੀ ਮੁਤਾਬਿਕ ਹੇਠ ਲਿਖੇ ਅਨੁਸਾਰ ਹੋਵੇਗੀ।

| | | |
|---|---|---|
| For Group-A Employees | Three Bedrooms Flat with Servant Quarter.<br>(Covered area: 1500 Sft. Approx.)<br>(Super Area @115% of above) | Three Bedrooms with servant quarter, Drawing Dinning, Kitchen, three toilets, Store & car parking. |
| For Group-B Employees | Two Bedrooms Flat with servant Quarter<br>(Covered area: 1200 Sft. Approx.)<br>(Super Area @115% of above) | Two Bedrooms with servant quarter, Drawing Dinning, Kitchen, two toilets, Store & car parking. |
| For Group-C Employees | Two Bedrooms Flat<br>(Covered area: 900 Sft. Approx.)<br>(Super Area @115% of above) | Two Bedrooms with Drawing Dinning, Kitchen, two toilets, Store & car parking. |
| For Group- D Employees | One Bedroom Flat<br>(Covered area 600 Sft. Approx.)<br>(super area @ 115% of above) | One Bedroom, Drawing Dinning, Kitchen, one toilet, store & scooter parking. |

(ੲ) ਇਸ ਪਾਲਿਸੀ ਅਧੀਨ ਪੁੱਡਾ ਜਾਂ ਦੂਜੀਆਂ ਅਥਾਰਟੀਆਂ ਵਲੋਂ ਉਪਰੋਕਤ 'ੳ' ਨੂੰ ਧਿਆਨ ਵਿੱਚ ਰੱਖਦੇ ਹੋਏ ਸਕੀਮ ਤਿਆਰ ਕਰਕੇ ਆਪਣੇ ਪੱਧਰ ਤੇ ਅਰਜੀਆਂ ਮੰਗੀਆਂ ਜਾਣਗੀਆਂ।

(ਸ) ਇਸ ਪਾਲਿਸੀ ਤਹਿਤ ਕਿਸੇ ਕੈਟਾਗਰੀ ਲਈ ਕੋਈ ਰਿਜਰਵੇਸ਼ਨ ਨਹੀਂ ਹੋਵੇਗੀ ਕਿਉਂਕਿ ਇਹ ਸਕੀਮ ਸਾਰੇ ਕਰਮਚਾਰੀਆਂ ਲਈ ਹੈ।

2. ਅਰਜੀਆਂ ਮੰਗਣ ਦੀ ਵਿੱਧੀ:-

(ੳ) ਇਸ ਪਾਲਿਸੀ ਅਧੀਨ ਬਿਨੇਕਾਰ ਇਕ ਕੈਟਾਗਰੀ/ਸਾਈਜ ਲਈ ਕੇਵਲ ਇੱਕ ਹੀ ਅਰਜੀ ਆਪਣੀ ਯੋਗਤਾ ਅਨੁਸਾਰ ਉਲੀਕੀ ਜਾਣ ਵਾਲੀ ਸਕੀਮ ਵਿੱਚ ਨਿਰਧਾਰਤ ਫਾਰਮ ਤੇ ਨਿਰਧਾਰਤ ਬਿਆਨਾ ਰਕਮ ਸਮੇਤ ਸਕੀਮ ਵਿੱਚ ਦਰਸਾਏ ਮਿਥੇ ਸਮੇਂ ਅੰਦਰ

ਅਪਲਾਈ ਕਰੇਗਾ। ਮਿਥੇ ਸਮੇਂ ਤੋਂ ਬਾਅਦ ਪ੍ਰਾਪਤ ਅਰਜੀਆਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

(ਅ) ਹਰ ਇਕ ਬਿਨੇਕਾਰ ਆਪਣੇ ਮਹਿਕਮੇ/ਵਿਭਾਗ/ਅਦਾਰੇ ਦੇ ਮੁੱਖੀ ਤੋਂ ਆਪਣੀ ਅਰਜੀ ਤੇ ਰੈਗੂਲਰ ਸੇਵਾ ਵਿੱਚ ਹਾਜਰੀ ਦੀ ਮਿਤੀ/ਰਿਟਾਇਰਮੈਂਟ ਦੀ ਮਿਤੀ ਤਸਦੀਕ ਕਰਵਾ ਕੇ ਪੇਸ਼ ਕਰੇਗਾ।

(ੲ) ਜੇਕਰ ਕਿਸੇ ਅਧਿਕਾਰੀ/ਕਰਮਚਾਰੀ ਵਲੋ ਦਿੱਤੀ ਗਈ ਸੂਚਨਾ ਜੇਕਰ ਗਲਤ ਸਾਬਤ ਹੁੰਦੀ ਹੈ ਤਾਂ ਉਸ ਦਾ ਅਲਾਟਮੈਂਟ ਲਈ ਹੱਕ ਰੱਦ ਕਰ ਦਿੱਤਾ ਜਾਵੇਗਾ।

3.ਯੋਗਤਾ:-

ੳ) ਬਿਨੇਕਾਰ ਦੀ ਸਕੀਮ ਸ਼ੁਰੂ ਹੋਣ ਦੀ ਮਿਤੀ ਤੱਕ ਰੈਗੂਲਰ ਸੇਵਾ ਘੱਟੋ-ਘੱਟ 5 ਸਾਲ ਦੀ ਹੋਵੇ ਜਾਂ ਕਰਮਚਾਰੀ ਸਕੀਮ ਲਾਂਚ ਹੋਣ ਦੀ ਮਿਤੀ ਤੋਂ ਪਿਛੱਲੇ 5 ਸਾਲਾਂ ਵਿੱਚ ਰਿਟਾਇਰ ਹੋਇਆ ਹੋਵੇ।

(ਅ) Govt. of India ਜਾਂ ਕਿਸੇ ਹੋਰ ਪ੍ਰਾਂਤ ਤੋਂ ਪੰਜਾਬ ਵਿੱਚ ਡੈਪੂਟੇਸ਼ਨ ਤੇ ਆਇਆ ਵਿਅਕਤੀ ਇਸ ਪਾਲਿਸੀ ਅਧੀਨ ਅਪਲਾਈ ਕਰਨ ਲਈ ਯੋਗ ਨਹੀਂ ਹੋਵੇਗਾ।

(ੲ) ਕੇਵਲ ਉਹ ਬਿਨੈਕਾਰ ਹੀ ਇਸ ਪਾਲਿਸੀ ਤਹਿਤ ਯੋਗ ਹੋਣਗੇ ਜਿਨ੍ਹਾਂ ਕੋਲ ਜਾਂ ਉਨਾਂ ਦੇ ਪਤੀ ਜਾਂ ਪਤਨੀ ਜਾਂ ਕਿਸੇ ਮਾਈਨਰ ਬੱਚੇ ਜਾਂ ਆਸ਼ਰਤ ਬੱਚੇ ਕੋਲ ਪੰਜਾਬ ਦੀ ਕਿਸੇ ਵੀ ਅਰਬਨ ਅਸਟੇਟ ਵਿੱਚ ਕੋਈ ਰਿਹਾਇਸ਼ੀ ਪਲਾਟ /ਮਕਾਨ ਨਹੀਂ ਹੈ। ਇਸ ਤੋਂ ਇਲਾਵਾ ਜੇਕਰ ਬਿਨੈਕਾਰ ਮੋਹਾਲੀ ਸਟੇਸ਼ਨ /ਨਿਊ ਚੰਡੀਗੜ੍ਹ ਲਈ ਅਪਲਾਈ ਕਰ ਰਿਹਾ ਹੈ / ਕਰ ਰਹੀ ਹੈ ਤਾਂ ਉਸ ਕੋਲ ਜਾਂ ਉਸਦੇ ਪਤੀ ਜਾਂ ਪਤਨੀ ਜਾਂ ਕਿਸੇ ਮਾਈਨਰ ਬੱਚੇ ਜਾਂ ਆਸ਼ਰਿਤ ਬੱਚੇ ਕੋਲ ਮੋਹਾਲੀ, ਚੰਡੀਗੜ੍ਹ /ਨਿਊ ਚੰਡੀਗੜ੍ਹ ਅਤੇ ਪੰਚਕੂੱਲਾ ਵਿੱਚ ਕੋਈ ਰਿਹਾਇਸ਼ੀ ਮਕਾਨ/ਪਲਾਟ ਨਹੀਂ ਹੈ।

(ਸ) ਜੇਕਰ ਕਿਸੇ ਬਿਨੈਕਾਰ ਜਾਂ ਉਸ ਦੇ ਪਤੀ/ਪਤਨੀ ਜਾਂ ਆਸ਼ਰਤ ਬੱਚੇ ਨੂੰ ਪੰਜਾਬ ਰਾਜ ਵਿੱਚ ਕਿਸੇ ਸਰਕਾਰੀ/ਅਰਧ ਸਰਕਾਰੀ ਸੰਸਥਾ/ਇੰਪਰੂਵਮੈਂਟ ਟਰਸਟ/ਬੋਰਡ ਕਾਰਪੋਰੇਸ਼ਨ/ਮਿਊਂਸਪਲ ਕਮੇਟੀ /ਕਾਰਪੋਰੇਸ਼ਨ/ ਰਜਿਸਟਰਤਡ ਸੋਸਾਇਟੀ ਜਿਵੇਂ ਕਿ ਆਰਮੀ ਵੈਲਫੇਅਰ ਹਾਊਸਿੰਗ ਆਰਗਨਾਈਜੇਸ਼ਨ ਜਾਂ ਕੋਆਪਰੇਟਿਵ ਸੋਸਾਇਟੀ ਤੋਂ

ਕੋਈ ਰਿਹਾਇਸ਼ੀ ਮਕਾਨ/ਪਲਾਟ ਦੀ ਅਲਾਟਮੈਂਟ ਹੋਈ ਹੋਵੇ ਤਾਂ ਉਹ ਇਸ ਪਾਲਿਸੀ ਅਧੀਨ ਅਪਲਾਈ ਕਰਨ ਲਈ ਯੋਗ ਨਹੀਂ ਹੋਵੇਗਾ।

(ਹ) ਉਹ ਬਿਨੈਕਾਰ ਜਿਸ ਨੂੰ ਪਹਿਲਾਂ ਕਦੇ ਕਿਸੇ ਅਖਤਿਆਰੀ ਕੋਟੇ ਵਿਚੋਂ ਜਾਂ ਪਹਿਲ ਦੇ ਅਧਾਰ ਤੇ ਸਕੀਮ ਵਿੱਚ ਜਾਂ ਕਰਮਚਾਰੀ ਕੋਟੇ ਅਧੀਨ ਪੁੱਡਾ ਜਾਂ ਕਿਸੇ ਇੰਪਰੂਵਮੈਂਟ ਟਰਸਟ ਜਾਂ ਕਿਸੇ ਸਰਕਾਰੀ ਏਜੰਸੀ ਤੋਂ ਰਿਹਾਇਸੀ ਮਕਾਨ/ਪਲਾਟ ਦੀ ਅਲਾਟਮੈਂਟ ਹੋਈ ਹੋਵੇ, ਤਾਂ ਉਹ ਬਿਨੈਕਾਰ ਇਸ ਪਾਲਿਸੀ ਅਧੀਨ ਅਪਲਾਈ ਕਰਨ ਲਈ ਯੋਗ ਨਹੀਂ ਹੋਵੇਗਾ ।

(ਕ) ਇਸ ਪਾਲਿਸੀ ਅਨੁਸਾਰ ਜਿਹੜੇ ਅਧਿਕਾਰੀਆਂ/ਕਰਮਚਾਰੀਆਂ ਨੇ ਪਹਿਲਾਂ ਮਹਿਕਮੇ ਤੋਂ ਕਰਜੇ ਦੀ ਸਹੂਲਤ ਪ੍ਰਾਪਤ ਕਰਕੇ ਉਸ ਸਟੇਸ਼ਨ ਤੇ ਮਕਾਨ/ਪਲਾਟ ਖਰੀਦਿਆ ਹੈ ਜਿਸ ਸਟੇਸ਼ਨ ਲਈ ਅਪਲਾਈ ਕਰ ਰਿਹਾ ਹੈ, ਉਹ ਇਸ ਪਾਲਿਸੀ ਅਧੀਨ ਯੋਗ ਨਹੀਂ ਹੋਵੇਗਾ।

(ਖ) ਅਰਜ਼ੀਆਂ ਦੇਣ ਵਾਲੇ ਅਧਿਕਾਰੀਆ / ਕਰਮਚਾਰੀਆਂ ਨੂੰ ਇੱਕ ਸਵੈ-ਘੋਸ਼ਨਾ ਦੇਣੀ ਹੋਵੇਗੀ ਕਿ ਉਸ ਦੇ ਨਾਮ ਤੇ ਜਾਂ ਉਸ ਤੇ ਆਸ਼ਰਿਤ ਦੇ ਨਾਮ ਤੇ ਪੰਜਾਬ ਦੀ ਕਿਸੇ ਸ਼ਹਿਰੀ ਮਿਲਖ/ ਇੰਪਰੂਵਮੈਂਟ ਟਰੱਸਟ ਵਿੱਚ ਕੋਈ ਰਿਹਾਇਸ਼ੀ ਪਲਾਟ / ਮਕਾਨ ਨਹੀਂ ਹੈ ਅਤੇ ਉਸ ਨੂੰ ਜਾਂ ਉਸ ਦੇ ਆਸ਼ਰਿਤ ਨੂੰ ਪਹਿਲਾਂ ਪੰਜਾਬ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਬੋਰਡ / ਡਾਇਰੈਕਟੋਰੇਟ/ ਪੁੱਡਾ ਜਾਂ ਕਿਸੇ ਹੋਰ ਵਿਭਾਗ ਜਾਂ ਸਰਕਾਰੀ ਏਜੰਸੀ ਵਲੋਂ ਕੋਈ ਪਲਾਟ ਜਾਂ ਮਕਾਨ Employees quota/ Discretionary quota ਵਿਚੋਂ ਅਲਾਟ ਨਹੀਂ ਹੋਇਆ ਅਤੇ ਨਾਂ ਹੀ ਪੁੱਡਾ ਵਲੋਂ ਆਪਣੇ ਕਰਮਚਾਰੀਆਂ ਲਈ ਉਲੀਕੀ ਕਿਸੇ ਸਕੀਮ ਵਿੱਚ ਕੋਈ ਰਿਹਾਹਿਸ਼ੀ ਪਲਾਟ/ ਮਕਾਨ ਅਲਾਟ ਹੋਇਆ ਹੈ। ਜੇਕਰ ਬਿਨੈਕਾਰ ਮੋਹਾਲੀ/ਨਿਊ ਚੰਡੀਗੜ੍ਹ ਸਟੇਸ਼ਨ ਲਈ ਅਪਲਾਈ ਕਰ ਰਿਹਾ ਹੈ ਤਾਂ ਉਸ ਨੂੰ ਸਵੈ-ਘੋਸ਼ਨਾ ਦੇਣੀ ਹੋਵੇਗੀ ਕਿ ਉਸ ਦੇ ਨਾਮ ਤੇ ਜਾਂ ਉਸ ਤੇ ਆਸ਼ਰਿਤ ਦੇ ਨਾਮ ਤੇ ਪੰਜਾਬ ਦੀ ਕਿਸੇ ਵੀ ਅਰਬਨ ਅਸਟੇਟ ਵਿੱਚ ਮੋਹਾਲੀ, ਚੰਡੀਗੜ੍ਹ, ਨਿਊ ਚੰਡੀਗੜ੍ਹ ਅਤੇ ਪੰਚਕੁੱਲਾ ਵਿੱਚ ਸਥਾਪਤ ਸ਼ਹਿਰੀ ਮਿਲਖ/ ਇੰਪਰੂਵਮੈਂਟ ਟਰੱਸਟ ਵਿੱਚ ਕੋਈ ਰਿਹਾਇਸ਼ੀ ਪਲਾਟ / ਮਕਾਨ ਨਹੀਂ ਹੈ ਅਤੇ ਉਸ ਨੂੰ ਜਾਂ ਉਸ ਦੇ ਆਸ਼ਰਿਤ ਨੂੰ ਪਹਿਲਾਂ ਪੰਜਾਬ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਬੋਰਡ / ਡਾਇਰੈਕਟੋਰੇਟ/ ਪੁੱਡਾ

ਜਾਂ ਕਿਸੇ ਹੋਰ ਵਿਭਾਗ ਜਾਂ ਸਰਕਾਰੀ ਏਜੰਸੀ ਵਲੋਂ ਕੋਈ ਪਲਾਟ ਜਾਂ ਮਕਾਨ Employees quota/ Discretionary quota ਵਿਚੋਂ ਅਲਾਟ ਨਹੀਂ ਹੋਇਆ ਅਤੇ ਨਾਂ ਹੀ ਪੁੱਡਾ ਵਲੋਂ ਆਪਣੇ ਕਰਮਚਾਰੀਆਂ ਲਈ ਉਲੀਕੀ ਕਿਸੇ ਸਕੀਮ ਵਿੱਚ ਕੋਈ ਰਿਹਾਇਸ਼ੀ ਪਲਾਟ/ ਮਕਾਨ ਅਲਾਟ ਹੋਇਆ ਹੈ।

ਸਾਰੇ ਬਿਨੈਕਾਰਾਂ ਨੂੰ ਇਹ ਵੀ ਸਵੈ-ਘੋਸ਼ਨਾ ਕਰਨੀ ਹੋਵੇਗੀ ਕਿ ਜੇਕਰ ਬਿਨੈਕਾਰ ਵਲੋਂ ਦਿੱਤੀ ਗਈ ਸੂਚਨਾਂ ਕਿਸੇ ਸਟੇਜ਼ ਤੇ ਗਲਤ ਹੋਣ ਬਾਰੇ ਪਤਾ ਚੱਲਦਾ ਹੈ ਜਾਂ ਉਸ ਵਲੋਂ ਕੋਈ ਤੱਥ ਛੁਪਾਏ ਗਏ ਹੋਣ, ਜਿਸ ਨਾਲ ਉਹ ਇਸ ਸਕੀਮ ਅਧੀਨ ਅਲਾਟਮੈਂਟ ਲਈ ਅਯੋਗ ਹੁੰਦਾ ਹੋਵੇ, ਤਾਂ ਉਸ ਬਿਨੈਕਾਰ ਨੂੰ ਕੀਤੀ ਗਈ ਅਲਾਟਮੈਂਟ ਰੱਦ ਕਰ ਦਿੱਤੀ ਜਾਵੇਗੀ ਅਤੇ ਕੁੱਲ ਜਮ੍ਹਾਂ ਕਰਵਾਈ ਗਈ ਰਕਮ ਜ਼ਬਤ ਕਰਨ ਤੋਂ ਇਲਾਵਾ ਉਸ ਵਿਰੁੱਧ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ।

(ਗ) ਬਿਨੈਕਾਰ ਉਪਰੋਕਤ (ੳ) ਤੋ (ਖ) ਤੱਕ ਦਰਸਾਈਆਂ ਸ਼ਰਤਾਂ ਸਕੀਮ ਖੁੱਲਣ ਦੀ ਮਿਤੀ ਤੋਂ ਲੈ ਕੇ ਫਲੈਟ ਦਾ ਕਬਜਾ ਲੈਣ ਦੀ ਮਿਤੀ ਤੱਕ ਪੂਰੀਆਂ ਕਰਦਾ ਰਹੇਗਾ।

4.ਅਲਾਟਮੈਂਟ ਦੀ ਵਿੱਧੀ:-

(ੳ) ਸਬੰਧਤ ਅਥਾਰਿਟੀ ਵਲੋ ਉਲੀਕੀ ਗਈ ਸਕੀਮ ਅਧੀਨ ਨਿਰਧਾਰਤ ਅਰਜੀ ਫਾਰਮ ਤੇ ਕਰਮਚਾਰੀਆਂ ਤੋਂ ਅਰਜੀਆਂ ਮੰਗੀਆਂ ਜਾਣਗੀਆਂ ਅਤੇ ਸਕੀਮ ਵਿੱਚ ਕਰਮਚਾਰੀਆਂ ਨੂੰ ਰਿਟਾਇਰਮੈਂਟ ਦੀ ਮਿਤੀ ਅਨੁਸਾਰ ਪਹਿਲ (priority) ਦਿੱਤੀ ਜਾਵੇਗੀ ਭਾਵ ਜਿਹੜੇ ਕਰਮਚਾਰੀ ਜਲਦੀ ਰਿਟਾਇਰ ਹੋ ਰਹੇ ਹਨ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।

(ਅ) ਜੇਕਰ ਕਰਮਚਾਰੀਆਂ ਦੀ ਰਿਟਾਇਰਮੈਂਟ ਮਿਤੀ ਇੱਕ ਹੋਵੇ ਤਾਂਕਰਮਚਾਰੀਆਂ ਦੀ ਜਨਮ ਮਿਤੀ ਅਨੁਸਾਰ ਜਿਹੜਾ ਕਰਮਚਾਰੀ ਸੀਨੀਅਰ ਹੋਵੇ ਤਾਂ ਉਸ ਨੂੰ ਸੀਨੀਅਰ ਮੰਨਿਆ ਜਾਵੇਗਾ। ਜੇਕਰ ਜਨਮ ਮਿਤੀ ਵੀ ਇੱਕੋ ਹੋਵੇ ਤਾਂ ਰੈਗੂਲਰ ਸੇਵਾ ਜੁਆਇਨ ਕਰਨ ਦੀ ਮਿਤੀ ਤੋਂ ਸੀਨੀਅਰਤਾ ਮਿਥੀ ਜਾਵੇਗੀ। ਜੇਕਰ ਰੈਗੂਲਰ ਸੇਵਾ ਜੁਆਇਨ ਕਰਨ ਦੀ ਮਿਤੀ ਵੀ ਇਕੋ ਹੋਵੇ ਤਾਂ ਵੱਧ ਤਨਖਾਹ ਪ੍ਰਾਪਤ ਕਰਨ ਵਾਲਾ ਕਰਮਚਾਰੀ ਸੀਨੀਅਰ ਮੰਨਿਆ ਜਾਵੇਗਾ ਅਤੇ ਜੇਕਰ ਤਨਖਾਹ ਵੀ ਬਰਾਬਰ ਹੋਵੇ ਤਾਂ ਜਿਸ ਕਰਮਚਾਰੀ ਦਾ ਨਾਮ ਪੰਜਾਬੀ ਵਰਣਮਾਲਾ ਅਨੁਸਾਰ ਅੱਗੇ ਹੋਵੇ ਉਹ ਸੀਨੀਅਰ ਮੰਨਿਆ ਜਾਵੇਗਾ।

(ੲ) ਜੇਕਰ ਫਲੈਟਾਂ ਦੀ ਗਿਣਤੀ ਪ੍ਰਾਪਤ ਅਰਜੀਆਂ ਤੋਂ ਘੱਟ ਹੋਵੇ ਤਾਂ ਉਪਰੋਕਤ ਸੀਨੀਆਰਤਾ ਅਨੁਸਾਰ ਅਤੇ ਪਾਲਿਸੀ ਅਨੁਸਾਰ ਉਡੀਕ ਸੂਚੀ ਬਣਾ ਕੇ ਬਾਕੀ ਬਚਦੇ ਬਿਨੈਕਾਰਾਂ ਨੂੰ ਸਕੀਮ ਬੰਦ ਹੋਣ ਦੀ ਮਿਤੀ ਤੋਂ 180 ਦਿਨਾਂ ਦੇ ਅੰਦਰ-ਅੰਦਰ ਰਿਫੰਡ ਕਰ ਦਿੱਤਾ ਜ਼ਾਵੇਗਾ।

5. ਬਿਆਨਾ ਰਕਮ ਰਿਫੰਡ ਕਰਨ ਬਾਰੇ:-

(ੳ) ਜੇਕਰ ਕਿਸੇ ਬਿਨੈਕਾਰ ਵਲੋਂ ਅਪਲਾਈ ਕਰਨ ਤੋਂ ਬਾਅਦ ਭਾਵ ਸਕੀਮ ਬੰਦ ਹੋਣ ਤੋਂ ਪਹਿਲਾਂ ਬਿਆਨਾਂ ਰਕਮ ਦਾ ਰਿਫੰਡ ਮੰਗਿਆ ਜਾਂਦਾ ਹੈ ਤਾਂ 500/- ਰੁਪਏ ਦੀ ਟੋਕਨ ਮਨੀ ਦੀ ਕਟੌਤੀ ਕਰਕੇ ਬਿਆਨਾ ਰਕਮ ਵਾਪਸ ਕੀਤੀ ਜਾਵੇਗੀ।

(ਅ) ਨਿਰਧਾਰਤ ਕੀਤੀ ਸੀਨੀਆਰਤਾ ਅਤੇ ਉਡੀਕ ਸੂਚੀ ਵਿੱਚ ਆਏ ਬਿਨੈਕਾਰਾਂ ਤੋਂ ਇਲਾਵਾ ਬਾਕੀ ਬਚਦੇ ਬਿਨੈਕਾਰਾਂ ਦੀ ਬਿਆਨਾ ਰਕਮ ਦਾ ਰਿਫੰਡ ਸਕੀਮ ਬੰਦ ਹੋਣ ਦੀ ਮਿਤੀ ਤੋਂ 180 ਦਿਨਾਂ ਦੇ ਅੰਦਰ-ਅੰਦਰ ਬਿਨਾਂ ਵਿਆਜ ਕੀਤਾ ਜਾਵੇਗਾ। ਜੇਕਰ ਕਿਸੇ ਕਾਰਨ ਬਿਆਨਾਂ ਰਕਮ ਰਿਫੰਡ ਨਹੀਂ ਕੀਤੀ ਜਾਂਦੀ ਤਾਂ ਆਮ ਪ੍ਰਚਲਤ ਸ਼ਰਤਾਂ ਅਨੁਸਾਰ ਵਿਆਜ ਦੇਣ ਯੋਗ ਹੋਵੇਗਾ। ਜਿਨ੍ਹਾਂ ਬਿਨੈਕਾਰਾਂ ਨੂੰ ਸੀਨੀਆਰਤਾ ਅਨੁਸਾਰ ਸਫਲ ਮੰਨਿਆ ਗਿਆ ਹੈ ਜਾਂ ਬਿਨੈਕਾਰ ਦਾ ਨਾਮ ਉਡੀਕ ਸੂਚੀ ਵਿੱਚ ਹੈ, ਤਾਂ ਉਸ ਨੂੰ ਕੋਈ ਵਿਆਜ ਨਹੀਂ ਦਿੱਤਾ ਜਾਵੇਗਾ।

(ੲ) ਰਿਫੰਡ ਸਬੰਧੀ ਬਾਕੀ ਸ਼ਰਤਾਂ ਆਮ ਜਨਤਾਂ ਵਾਂਗ ਹੀ ਹੋਣਗੀਆਂ।

6. ਕੀਮਤ/ਅਦਾਇਗੀ ਦੀਆਂ ਸ਼ਰਤਾਂ :-

ਅਲਾਟ ਕੀਤੇ ਜਾਣ ਵਾਲੇ ਫਲੈਟਾਂ ਦੀ ਕੀਮਤ ਸਬੰਧਤ ਵਿਕਾਸ ਅਥਾਰਿਟੀ ਵਲੋਂ ਨਿਰਧਾਰਤ ਕੀਤੀ ਜਾਵੇਗੀ ਕਿਉਂ ਕਿ ਵੱਖ-2 ਸਟੇਸ਼ਨਾਂ ਤੇ ਜਮੀਨ ਦਾ ਮੁੱਲ ਵੱਖ-2 ਹੁੰਦਾ ਹੈ ਅਤੇ ਸਮੇਂ-2 ਤੇ ਮਟੀਰਿਅਲ ਦੀ ਲਾਗਤ ਵੀ ਘੁੱਟਦੀ ਵੱਧਦੀ ਰਹਿੰਦੀ ਅਤੇ ਸਰਕਾਰ ਵਲੋ ਸੀ.ਐਸ.ਆਰ ਵਿੱਚ ਸੋਧ ਕੀਤੀ ਜਾਂਦੀ ਹੈ। ਬਾਕੀ ਅਦਾਇਗੀ/ਰਿਬੇਟ ਆਦਿ ਸਬੰਧੀ ਸ਼ਰਤਾਂ ਆਮ ਜਨਤਾਂ ਵਾਂਗ ਹੀ ਹੋਣਗੀਆਂ।

7. ਅਲਾਟਮੈਂਟ ਸਬੰਧੀ ਹੋਰ ਸ਼ਰਤਾਂ:-

(ੳ) ਇਸ ਪਾਲਿਸੀ ਅਧੀਨ ਅਲਾਟ ਕੀਤੇ ਜਾਣ ਵਾਲੇ ਫਲੈਟਾਂ ਦੀਆਂ ਅਲਾਟਮੈਂਟ ਅਤੇ ਅਦਾਇਗੀ ਸਬੰਧੀ ਟਰਮਜ਼ ਅਤੇ ਕੰਡੀਸ਼ਨਾਂ ਆਮ ਜਨਤਾਂ ਨੂੰ ਅਲਾਟ ਕੀਤੇ ਜਾਣ ਵਾਲੇ ਮਕਾਨਾਂ/ਫਲੈਟਾਂ ਵਾਲੀਆਂ ਹੀ ਹੋਣਗੀਆਂ।

(ਅ) ਇਸ ਪਾਲਿਸੀ ਅਧੀਨ ਅਲਾਟ ਕੀਤਾ ਗਿਆ ਫਲੈਟ ਅਲਾਟਮੈਂਟ ਦੀ ਮਿਤੀ ਤੋਂ 5 ਸਾਲ ਤੱਕ ਵੇਚਣ ਯੋਗ ਨਹੀਂ ਹੋਵੇਗਾ। ਸਿਰਫ ਹਾਰਡਸ਼ਿਪ ਦੇ ਕੇਸ (Deathcase, serious illness) ਵਿੱਚ ਸਬੰਧਤ ਅਥਾਰਟੀ ਕਾਰਜਕਾਰੀ ਕਮੇਟੀ ਦੀ ਪ੍ਰਵਾਨਗੀ ਉਪਰੰਤ 5 ਸਾਲ ਤੋਂ ਪਹਿਲ੍ਹਾਂ ਵੇਚਣ ਦੀ ਪ੍ਰਵਾਨਗੀ ਦਿੱਤੀ ਜਾ ਸਕਦੀ ਹੈ।

(ੲ) ਇਸ ਪਾਲਿਸੀ ਅਧੀਨ ਕਰਮਚਾਰੀ ਬੈਂਕ ਤੋਂ ਕਰਜਾ ਲੈ ਕੇ ਫਲੈਟ ਦੀ ਅਦਾਇਗੀ ਕਰ ਸਕਦਾ ਹੈ ਅਤੇ ਆਪਣੀ ਤਨਖਾਹ ਵਿਚੋਂ ਸਿੱਧੇ ਤੌਰ ਤੇ ਕਿਸ਼ਤ ਰਾਹੀਂ ਅਦਾਇਗੀ ਵੀ ਕਰ ਸਕਦਾ ਹੈ।

ਪ੍ਰਬੰਧਕ ਅਫਸਰ (ਪਾਲਿਸੀ),
ਪੁੱਡਾ ਐਸ.ਏ.ਐਸ. ਨਗਰ।

ਅਮਲਾ ਅਫਸਰ,(ਪਾਲਿਸੀ)
ਪੁੱਡਾ ਐਸ.ਏ.ਐਸ. ਨਗਰ।

ਕਾਨੂੰਨੀ ਸਲਾਹਕਾਰ,
ਪੁੱਡਾ ਐਸ.ਏ.ਐਸ. ਨਗਰ।

ਮੁੱਖ ਲੇਖਾ ਅਫਸਰ,
ਪੁੱਡਾ ਐਸ.ਏ.ਐਸ. ਨਗਰ।

ਸੀਨੀਅਰ ਨਗਰ ਯੋਜਨਾਕਾਰ,
ਪੁੱਡਾ ਐਸ.ਏ.ਐਸ. ਨਗਰ।

ਮੁੱਖ ਇੰਜੀਨੀਅਰ,
ਪੁੱਡਾ ਐਸ.ਏ.ਐਸ. ਨਗਰ।